# CALIFORNIA RELIEF FUND FOR ARTISTS & CULTURAL PRACTITIONERS

IN PARTNERSHIP WITH
THE CALIFORNIA ARTS COUNCIL

ਇਸ ਪ੍ਰੋਗਰਾਮ ਬਾਰੇ ਜਾਣਕਾਰੀ ਸਾਡੀ ਵੈੱਬਸਾਈਟ ਉੱਤੇ ਅੰਗਰੇਜ਼ੀ ਭਾਸ਼ਾ ਵਿੱਚ ਦੇਖੀ ਜਾ ਸਕਦੀ ਹੈ। ਇਸ ਪ੍ਰੋਗਰਾਮ ਵਾਸਤੇ ਅਰਜ਼ੀ ਇਹਨਾਂ ਭਾਸ਼ਾਵਾਂ ਵਿੱਚ ਵੀ ਉਪਲਬਧ ਹੋਵੇਗੀ- ਸਪੈਨਿਸ਼, ਤਾਗਾਲੋਗ, ਚੀਨੀ (ਰਵਾਇਤੀ), ਵੀਅਤਨਾਮੀ ਅਤੇ ਕੋਰੀਆਈ। ਅਰਜ਼ੀ ਦੇਣ ਦੀ ਮਿਆਦ 25 ਅਪਰੈਲ, 2022 ਨੂੰ ਖੁੱਲ੍ਹੇਗੀ ਅਤੇ 20 ਮਈ, 2022 ਨੂੰ ਸ਼ਾਮ 5:00 ਵਜੇ ਬੰਦ ਹੋ ਜਾਵੇਗੀ।

**California Relief Fund for Artists and Cultural Practitioners (ਕੈਲੀਫੋਰਨੀਆ ਰਿਲੀਫ਼ ਫ਼ੰਡ ਫਾਰ ਆਰਟਿਸਟਜ਼ ਐਂਡ ਕਲਚਰਲ ਪ੍ਰੈਕਟੀਸ਼ਨਰਜ਼)** , California Arts Council (ਕੈਲੀਫੋਰਨੀਆ ਆਰਟਸ ਕੌਂਸਲ - CAC) ਅਤੇ Yerba Buena Center for the Arts (ਯੇਰਬਾ ਬਿਊਏਨਾ ਸੈਂਟਰ ਫਾਰ ਦਾ ਆਰਟਸ - YBCA) ਵਿਚਕਾਰ ਇੱਕ ਭਾਈਵਾਲੀ ਹੈ। California Relief Fund for Artists and Cultural Practitioners, CAC ਦੇ ਆਮ ਫ਼ੰਡ ਵਿੱਚੋਂ ਲਗਭਗ 1.95 ਮਿਲੀਅਨ ਡਾਲਰ ਦੇ ਫ਼ੰਡਾਂ ਦਾ ਆਵੰਡਨ ਕਰ ਰਿਹਾ ਹੈ ਤਾਂ ਜੋ ਉਹਨਾਂ ਕਲਾਕਾਰਾਂ ਅਤੇ ਸੱਭਿਆਚਾਰਕ ਪ੍ਰੈਕਟੀਸ਼ਨਰਾਂ ਦੀ ਮਦਦ ਕੀਤੀ ਜਾ ਸਕੇ (ਲਲਿਤ ਕਲਾ ਅਤੇ ਪ੍ਰਦਰਸ਼ਨ ਕਰਨ ਵਾਲੇ ਕਲਾਕਾਰਾਂ, ਅਧਿਆਪਨ ਨਾਲ ਜੁੜੇ ਕਲਾਕਾਰਾਂ, ਸੱਭਿਆਚਾਰ ਨੂੰ ਜ਼ਿੰਦਾ ਰੱਖਣ ਵਾਲਿਆਂ, ਅਤੇ ਹੋਰ ਸਿਰਜਣਾਤਮਕ ਉੱਦਮੀਆਂ ਸਮੇਤ) ਜੋ ਕੈਲੀਫੋਰਨੀਆ ਪ੍ਰਾਂਤ ਦੇ ਅਮੀਰ ਅਤੇ ਵਿਭਿੰਨਤਾ ਭਰੇ ਸੱਭਿਆਚਾਰਕ ਭਾਈਚਾਰਿਆਂ ਵਿੱਚ ਰਹਿੰਦੇ ਹਨ। ਇਸ ਰਾਹਤ ਫ਼ੰਡ ਦਾ ਸੰਚਾਲਨ ਕਰਨ ਦਾ ਕਾਰਜ-ਭਾਰ YBCA ਨੂੰ ਸੌਂਪਿਆ ਗਿਆ ਹੈ।

## ਇਸ ਫ਼ੰਡ ਬਾਰੇ

California Relief Fund for Artists and Cultural Practitioners ਦੀ ਸ਼ੁਰੂਆਤ California Arts Council (ਕੈਲੀਫੋਰਨੀਆ ਆਰਟਸ ਕੌਂਸਲ) ਵੱਲੋਂ ਕੀਤੀ ਗਈ ਸੀ, ਜੋ ਇੱਕ ਰਾਜਕੀ ਅਦਾਰਾ ਹੈ ਜਿਸਦਾ ਮਿਸ਼ਨ ਹੈ ਸਾਰਿਆਂ ਵਾਸਤੇ ਇੱਕ ਬਿਹਤਰ ਕੈਲੀਫੋਰਨੀਆ ਬਣਾਉਣ ਦੇ ਸਾਧਨਾਂ ਵਜੋਂ ਕਲਾਵਾਂ, ਸੱਭਿਆਚਾਰ ਅਤੇ ਸਿਰਜਣਾਤਮਕ ਪ੍ਰਗਟਾਵੇ ਨੂੰ ਮਜ਼ਬੂਤ ਕਰਨਾ। ਇਹ ਗ੍ਰਾਂਟਾਂ, ਪਹਿਲਕਦਮੀਆਂ, ਅਤੇ ਸੇਵਾਵਾਂ ਦੇ ਰਾਹੀਂ ਸਥਾਨਕ ਕਲਾਵਾਂ ਦੇ ਰਾਜ-ਪੱਧਰੀ ਬੁਨਿਆਦੀ ਢਾਂਚੇ ਦਾ ਸਮਰਥਨ ਕਰਦਾ ਹੈ। California Arts Council ਇੱਕ ਅਜਿਹੇ ਕੈਲੀਫੋਰਨੀਆ ਦਾ ਸੁਪਨਾ ਦੇਖਦੀ ਹੈ ਜਿੱਥੇ ਸਾਰੇ ਲੋਕ ਵਧਣ-ਫੁਲਣ ਅਤੇ ਉਹਨਾਂ ਦੀ ਕਲਾਵਾਂ ਤੱਕ ਸਰਵਵਿਆਪੀ ਪਹੁੰਚ ਅਤੇ ਭਾਗੀਦਾਰੀ ਹੋਵੇ।

ਇਸ ਫ਼ੰਡ ਦਾ ਆਵੰਡਨ ਇਸ ਤਰ੍ਹਾਂ ਕੀਤਾ ਜਾਵੇਗਾ ਜਿਸ ਤੋਂ ਕੈਲੀਫੋਰਨੀਆ ਪ੍ਰਾਂਤ ਦੀ ਸੱਭਿਆਚਾਰਕ ਅਤੇ ਭੂਗੋਲਿਕ ਵਿਭਿੰਨਤਾ ਦੀ ਝਲਕ ਮਿਲੇ—ਇਹਨਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਦੀ ਕਲਾਕਾਰੀ ਵਿਧਾ ਦੀਆਂ ਜੜ੍ਹਾਂ ਇਤਿਹਾਸਕ ਤੌਰ 'ਤੇ ਹਾਸ਼ੀਏ ਤੋਂ ਬਾਹਰਲੇ ਭਾਈਚਾਰਿਆਂ ਦੇ ਧੁਰ ਅੰਦਰ ਤੱਕ ਹਨ। ਇਸ ਰਾਹਤ ਫ਼ੰਡ ਦੇ ਮਕਸਦ ਵਾਸਤੇ, ਇਹਨਾਂ ਤਰਜੀਹੀਕਿਰਤ ਭਾਈਚਾਰਿਆਂ ਵਿੱਚ ਅਫਰੀਕਨ, ਅਮਰੀਕਨ ਭਾਰਤੀ ਅਤੇ ਅਲਾਸਕਾ ਦੇ ਜੱਦੀ ਨਿਵਾਸੀ, ਅਰਬ ਲੋਕ, ਏਸ਼ੀਆਈ ਅਤੇ ਏਸ਼ੀਆਈ ਅਮਰੀਕਨ, ਕਾਲੇ ਅਤੇ ਅਫਰੀਕਨ ਅਮਰੀਕਨ, ਅਪਾਹਜ, ਇਮੀਗ੍ਰੈਂਟ, ਆਦਿਵਾਸੀ ਅਤੇ ਇੰਡੀਜੇਨਾ ਲੋਕ, ਲੇਟਿੰਕਸ, LGBTQIA2S+, MENASA, ਹਵਾਈ ਦੀਪ ਅਤੇ ਪ੍ਰਸ਼ਾਂਤ ਦੀਪ ਦੇ ਜੱਦੀ ਨਿਵਾਸੀ, ਸ਼ਰਣਾਰਥੀ ਅਤੇ ਔਰਤਾਂ ਸ਼ਾਮਲ ਹਨ। ਇਸ ਤੋਂ ਇਲਾਵਾ, ਅਸੀਂ ਘੱਟ ਆਮਦਨ ਵਾਲੇ ਲੋਕਾਂ,

ਆਮਦਨ ਦੇ ਸਰੋਤ ਹਾਸਲ ਕਰਨ ਅਤੇ ਉਹਨਾਂ ਨੂੰ ਬਣਾਈ ਰੱਖਣ ਵਿੱਚ ਮੁਸ਼ਕਿਲ ਅਨੁਭਵ ਕਰਨ ਵਾਲੇ ਲੋਕਾਂ, ਪੇਂਡੂ ਭਾਈਚਾਰੇ ਵਿੱਚ ਰਹਿਣ ਵਾਲੇ ਲੋਕਾਂ, ਜਾਂ ਉਹਨਾਂ ਲੋਕਾਂ ਨੂੰ ਅਰਜ਼ੀ ਦੇਣ ਲਈ ਉਤਸ਼ਾਹਤ ਕਰਦੇ ਹਾਂ ਜਿਨ੍ਹਾਂ ਦਾ ਦਸਤਾਵੇਜ਼ਾਂ ਵਿੱਚ ਨਾਮ ਹੀ ਨਹੀਂ ਹੁੰਦਾ।

California Relief Fund for Artists and Cultural Practitioners ਕਲਾਕਾਰਾਂ ਅਤੇ ਸੱਭਿਆਚਾਰਕ ਪ੍ਰੈਕਟੀਸ਼ਨਰਾਂ (ਯਾਨੀ ਕਿ ਲਲਿਤ ਕਲਾਕਾਰਾਂ, ਜਿਨ੍ਹਾਂ ਵਿੱਚ ਸਾਹਿਤਿਕ, ਦ੍ਰਿਸ਼ਟਾਂਤਕ ਅਤੇ ਪ੍ਰਦਰਸ਼ਨ ਕਰਨ ਵਾਲੇ ਕਲਾਕਾਰ; ਅਧਿਆਪਨ ਵਾਲੇ ਕਲਾਕਾਰ; ਸੱਭਿਆਚਾਰ ਦੇ ਮੁੱਦਈ; ਨਿਰਮਾਤਾ-ਆਧਾਰਿਤ ਇਕੱਲੇ ਜਾਂ ਸਮੂਹ-ਆਧਾਰਿਤ ਸਿਰਜਣਾਤਮਕ ਸਮਾਜਕ ਉੱਦਮੀਂ ਸ਼ਾਮਲ ਹਨ) ਨੂੰ $1,000 ਦੀਆਂ ਰਾਹਤ ਰਕਮਾਂ ਦੇ ਰੂਪ ਵਿੱਚ ਕੁੱਲ $1,953,000 ਦੇ ਫ਼ੰਡ ਪ੍ਰਦਾਨ ਕਰਾਉਂਦਾ ਹੈ ਜੋ ਵਰਤਮਾਨ ਸਮੇਂ, ਪੂਰੇ ਸਮੇਂ ਲਈ ਕੈਲੀਫੋਰਨੀਆ ਪ੍ਰਾਂਤ ਦੇ ਵਸਨੀਕ ਹਨ। ਇਸ ਰਾਹਤ ਫ਼ੰਡ ਦੇ ਮਕਸਦ ਵਾਸਤੇ, ਕਿਸੇ ਬਿਨੈਕਾਰ ਲਈ ਸਵੈ-ਰੁਜ਼ਗਾਰੀ ਕਲਾਕਾਰ ਹੋਣਾ, ਕੋਈ ਕਲਾਕਾਰ ਉੱਦਮੀਂ ਹੋਣਾ, ਜਾਂ ਕਿਸੇ ਅਜਿਹੇ ਗੈਰ-ਮੁਨਾਫਾ ਸੰਗਠਨ ਕੋਲ ਕੰਮ ਕਰਦੇ ਹੋਣਾ ਲਾਜ਼ਮੀ ਹੈ ਜਿਨ੍ਹਾਂ ਦੇ ਮਿਸ਼ਨ ਵਿੱਚ ਕਲਾਵਾਂ ਅਤੇ ਸੱਭਿਆਚਾਰ ਅਤੀ ਜ਼ਰੂਰੀ ਹੋਣ।

## ਅਰਜ਼ੀ ਦੇਣਾ ਅਤੇ ਸਮੀਖਿਆ ਪ੍ਰਕਿਰਿਆ

ਅਰਜ਼ੀਆਂ 25 ਅਪਰੈਲ ਦੁਪਹਿਰ ਤੋਂ ਲੈਕੇ 20 ਮਈ, 2022 ਨੂੰ ਸ਼ਾਮ 5:00 ਵਜੇ ਤੱਕ ਸਵੀਕਾਰ ਕੀਤੀਆਂ ਜਾਣਗੀਆਂ। ਬਿਨੈਕਾਰਾਂ ਨੂੰ ਜੂਨ 2022 ਵਿੱਚ ਫ਼ੰਡ ਦਿੱਤੇ ਜਾਣ ਦੀ ਸਥਿਤੀ ਬਾਰੇ ਸੂਚਿਤ ਕਰ ਦਿੱਤਾ ਜਾਵੇਗਾ ਅਤੇ ਫ਼ੰਡਾਂ ਦਾ ਆਵੰਡਨ 31 ਜੁਲਾਈ, 2022 ਤੱਕ ਕਰ ਦਿੱਤਾ ਜਾਵੇਗਾ। ਜੇ ਫ਼ੰਡਾਂ ਵੱਲੋਂ ਇਜਾਜ਼ਤ ਦਿੱਤੀ ਜਾਂਦੀ ਸੰਖਿਆ ਤੋਂ ਵਧੇਰੇ ਅਰਜ਼ੀ ਬੇਨਤੀਆਂ ਮਿਲਦੀਆਂ ਹਨ ਤਾਂ YBCA ਉਹਨਾਂ ਅਰਜ਼ੀਆਂ ਦਾ ਤਰਜੀਹੀਕਰਨ ਕਰੇਗਾ ਜਿਨ੍ਹਾਂ ਦੀਆਂ ਕਲਾਕਾਰੀ ਵਿਧਾਵਾਂ (artistic practices) ਦੀਆਂ ਜੜ੍ਹਾਂ ਇਤਿਹਾਸਕ ਤੌਰ ’ਤੇ ਹਾਸ਼ੀਏ ਤੋਂ ਬਾਹਰ ਰਹੇ ਭਾਈਚਾਰਿਆਂ ਦੇ ਧੁਰ ਅੰਦਰ ਤੱਕ ਹਨ ਅਤੇ ਇੱਕ ਲਾਟਰੀ ਸਿਸਟਮ ਨੂੰ ਵਰਤੋਂ ਵਿੱਚ ਲਿਆਂਦਾ ਜਾਵੇਗਾ। ਇਸ ਰਾਹਤ ਫ਼ੰਡ ਦੇ ਮਕਸਦ ਵਾਸਤੇ, ਇਹਨਾਂ ਤਰਜੀਹੀਕਿਰਤ ਭਾਈਚਾਰਿਆਂ ਵਿੱਚ ਅਫਰੀਕਨ, ਅਮਰੀਕਨ ਭਾਰਤੀ ਅਤੇ ਅਲਾਸਕਾ ਦੇ ਜੱਦੀ ਨਿਵਾਸੀ, ਅਰਬ ਲੋਕ, ਏਸ਼ੀਆਈ ਅਤੇ ਏਸ਼ੀਆਈ ਅਮਰੀਕਨ, ਕਾਲੇ ਅਤੇ ਅਫਰੀਕਨ ਅਮਰੀਕਨ, ਅਪਾਹਜ, ਇਮੀਗ੍ਰੈਂਟ, ਆਦਿਵਾਸੀ ਅਤੇ ਇੰਡੀਜੇਨਾ ਲੋਕ, ਲੇਟਿੰਕਸ, LGBTQIA2S+, MENASA, ਹਵਾਈ ਦੀਪ ਅਤੇ ਪ੍ਰਸ਼ਾਂਤ ਦੀਪ ਦੇ ਜੱਦੀ ਨਿਵਾਸੀ, ਸ਼ਰਣਾਰਥੀ ਅਤੇ ਔਰਤਾਂ ਸ਼ਾਮਲ ਹਨ।

$1,000 ਦੀਆਂ ਅਦਾਇਗੀਆਂ ’ਤੇ ਕੋਈ ਪ੍ਰਤੀਬੰਧ ਨਹੀਂ ਹੋਣਗੇ ਅਤੇ ਇਹਨਾਂ ਨੂੰ ਕਿਸੇ ਵੀ ਅਜਿਹੇ ਨਿੱਜੀ ਖ਼ਰਚਿਆਂ ਲਈ ਵਰਤਿਆ ਜਾ ਸਕਦਾ ਹੈ ਜੋ COVID-19 ਦੀ ਸੰਘੀ ਸਰਕਾਰ ਵੱਲੋਂ ਪਛਾਣੀ ਗਈ ਯੋਗ ਕੁਦਰਤੀ ਆਫਤ ਕਰਕੇ ਪੈਦਾ ਹੋਏ ਵਿੱਤੀ ਦਬਾਵਾਂ ਨੂੰ ਘੱਟ ਕਰਦੇ ਹਨ। ਜਦ ਤੱਕ COVID-19 ਨੂੰ ਅਦਾਇਗੀਆਂ ਵੰਡਣ ਦੇ ਸਮੇਂ ਤੱਕ ਅਜੇ ਵੀ ਇਹ ਦਰਜਾ ਪ੍ਰਾਪਤ ਰਹਿੰਦਾ ਹੈ, ਇਹ ਅਦਾਇਗੀ ਇੱਕ ਗੈਰ-ਟੈਕਸਯੋਗ ਆਮਦਨ ਰਹੇਗੀ। ਸਹਾਇਤਾ ਪ੍ਰਾਪਤ ਕਰਨਾ ਇਹ ਨਹੀਂ ਲੋੜਦਾ ਕਿ ਪ੍ਰਾਪਤ-ਕਰਤਾ YBCA ਜਾਂ ਕੈਲੀਫੋਰਨੀਆ ਪ੍ਰਾਂਤ ਲਈ ਕੋਈ ਵੀ ਕੰਮ ਕਰਨ ਲਈ ਜ਼ਿੰਮੇਵਾਰ ਹੈ। ਫ਼ੰਡ ਪ੍ਰਾਪਤ ਕਰਨ ਵਾਲਿਆਂ ਨੂੰ ਫ਼ੰਡਾਂ ਦੇ ਅਸਰ ਅਤੇ ਇਹਨਾਂ ਦੀ ਵਰਤੋਂ ਬਾਰੇ ਇੱਕ ਔਨਲਾਈਨ ਸਰਵੇਖਣ ਪ੍ਰਾਪਤ ਹੋਵੇਗਾ। ਸਰਵੇਖਣ ਦੇ ਜਵਾਬ ਇਸ ਬਾਰੇ ਅਹਿਮ ਜਾਣਕਾਰੀ ਦੇਣਗੇ ਕਿ ਕਲਾਵਾਂ ਦੇ ਖੇਤਰ ਵਿੱਚ ਕੰਮ ਕਰ ਰਹੇ ਲੋਕਾਂ ਦੀਆਂ ਲੋੜਾਂ ਦੀ ਸਭ ਤੋਂ ਵਧੀਆ ਤਰੀਕੇ ਨਾਲ ਪੂਰਤੀ ਕਿਵੇਂ ਕਰਨੀ ਹੈ।

## ਯੋਗਤਾ ਦੀਆਂ ਲੋੜਾਂ

California Relief Fund for Artists and Cultural Practitioners ਵਾਸਤੇ ਅਰਜ਼ੀ ਦੇਣ ਲਈ, ਬਿਨੈਕਾਰਾਂ ਲਈ ਹੇਠ ਲਿਖੀਆਂ ਸ਼ਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ:

- ਉਹ ਲਾਜ਼ਮੀ ਤੌਰ ’ਤੇ ਪੂਰੇ ਸਮੇਂ ਲਈ ਕੈਲੀਫੋਰਨੀਆ ਪ੍ਰਾਂਤ ਦੇ ਵਸਨੀਕ ਹੋਣੇ ਚਾਹੀਦੇ ਹਨ; ਅਤੇ ਉਹਨਾਂ ਵਾਸਤੇ ਵਸਨੀਕਤਾ ਦਾ ਸਬੂਤ ਦੇਣਾ ਲਾਜ਼ਮੀ ਹੈ;
- ਉਹ ਲਾਜ਼ਮੀ ਤੌਰ ’ਤੇ ਕੋਈ ਕਲਾਕਾਰ ਜਾਂ ਸੱਭਿਆਚਾਰਕ ਪ੍ਰੈਕਟੀਸ਼ਨਰ ਹੋਣੇ ਚਾਹੀਦੇ ਹਨ; ਅਤੇ ਉਹਨਾਂ ਨੂੰ ਲਾਜ਼ਮੀ ਤੌਰ ’ਤੇ ਅਜਿਹੇ ਸਬੂਤ ਦੇਣੇ ਚਾਹੀਦੇ ਹਨ ਜੋ ਕਲਾਵਾਂ ਅਤੇ ਸੱਭਿਆਚਾਰ ਵਿੱਚ ਬਿਨੈਕਾਰ ਦੀ ਪੇਸ਼ੇਵਰਾਨਾ ਭੂਮਿਕਾ ਦਰਸਾਉਂਦੇ ਹੋਣ;
- ਅਰਜ਼ੀ ਦੇਣ ਸਮੇਂ ਉਹਨਾਂ ਦੀ ਉਮਰ ਲਾਜ਼ਮੀ ਤੌਰ ’ਤੇ ਘੱਟੋ-ਘੱਟ 18 ਸਾਲ ਦੀ ਹੋਣੀ ਚਾਹੀਦੀ ਹੈ;
- ਉਹਨਾਂ ਦਾ Yerba Buena Center for the Arts, California Arts Council ਦੇ ਬੋਰਡਾਂ, ਅਮਲੇ, ਅਤੇ ਨਿਰਦੇਸ਼ਕਾਂ, ਜਾਂ

ਰਾਜ-ਪੱਧਰ ਦੇ ਚੁਣੇ ਹੋਏ ਅਧਿਕਾਰੀਆਂ ਅਤੇ ਉਹਨਾਂ ਦੇ ਅਮਲਿਆਂ ਨਾਲ ਹਿੱਤਾਂ ਦਾ ਟਕਰਾਅ (ਪਰਿਵਾਰਕ ਜਾਂ ਵਿੱਤੀ ਰਿਸ਼ਤੇ) ਨਹੀਂ ਹੋਣਾ ਚਾਹੀਦਾ; ਅਤੇ

- ਉਹ ਸਿਰਫ਼ ਇੱਕ ਵਾਰ ਹੀ ਅਰਜ਼ੀ ਦੇ ਸਕਦੇ ਹਨ।

## ਅਰਜ਼ੀ

ਸਰਲ ਅਰਜ਼ੀ ਨੂੰ ਛੇ (6) ਸੈਕਸ਼ਨਾਂ ਵਿੱਚ ਵੰਡਿਆ ਜਾਂਦਾ ਹੈ:

- **ਯੋਗਤਾ** - ਬਿਨੈਕਾਰ ਨੂੰ ਲਾਜ਼ਮੀ ਤੌਰ 'ਤੇ ਇਹ ਪੁਸ਼ਟੀ ਕਰਨੀ ਚਾਹੀਦੀ ਹੈ ਕਿ ਉਹ ਅਰਜ਼ੀ ਦੇਣ ਦੇ ਯੋਗ ਹਨ;
- **ਆਮ ਜਾਣਕਾਰੀ** - ਬਿਨੈਕਾਰ ਨੂੰ ਲਾਜ਼ਮੀ ਤੌਰ 'ਤੇ ਆਪਣੇ ਬਾਰੇ ਆਮ ਜਾਣਕਾਰੀ ਦੇਣੀ ਚਾਹੀਦੀ ਹੈ ਜਿਵੇਂ ਕਿ ਉਹਨਾਂ ਦਾ ਨਾਮ, ਸੰਪਰਕ ਜਾਣਕਾਰੀ, ਵਸਨੀਕਤਾ ਦੀ ਕਾਊਂਟੀ, ਆਦਿ;
- **ਆਰਥਿਕ ਤੰਗੀ** - ਬਿਨੈਕਾਰ ਨੂੰ ਲਾਜ਼ਮੀ ਤੌਰ 'ਤੇ ਇਹ ਪੁਸ਼ਟੀ ਕਰਨੀ ਚਾਹੀਦੀ ਹੈ ਕਿ COVID-19 ਮਹਾਂਮਾਰੀ ਦੇ ਕਰਕੇ ਉਹਨਾਂ ਨੂੰ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪਿਆ ਹੈ;
- **ਕਲਾਕਾਰੀ ਵਿਧਾ** - ਬਿਨੈਕਾਰ ਨੂੰ ਲਾਜ਼ਮੀ ਤੌਰ 'ਤੇ ਆਪਣੀ ਕਲਾਕਾਰੀ ਵਿਧਾ ਦੇ ਵੇਰਵੇ ਦੇਣੇ ਚਾਹੀਦੇ ਹਨ ਅਤੇ ਬਿਆਨ ਕਰਨਾ ਚਾਹੀਦਾ ਹੈ ਕਿ ਕੀ ਉਹਨਾਂ ਦੀ ਵਿਧਾ ਦੀਆਂ ਜੜ੍ਹਾਂ ਸਾਡੇ ਤਰਜੀਹੀ ਭਾਈਚਾਰਿਆਂ ਵਿੱਚੋਂ ਕਿਸੇ ਇੱਕ ਦੇ ਧੁਰ ਅੰਦਰ ਤੱਕ ਹਨ;
- **ਪੁਸ਼ਟੀ ਅਤੇ ਸਪੁਰਦਗੀ** - ਬਿਨੈਕਾਰ ਨੂੰ ਲਾਜ਼ਮੀ ਤੌਰ 'ਤੇ ਇਹ ਪੁਸ਼ਟੀ ਕਰਨੀ ਚਾਹੀਦੀ ਹੈ ਕਿ ਦਿੱਤੀ ਗਈ ਜਾਣਕਾਰੀ ਸਹੀ ਅਤੇ ਸੱਚੀ ਹੈ;
- **ਜਨਅੰਕਣ ਅੰਕੜੇ** - ਕੋਈ ਬਿਨੈਕਾਰ ਜਨਅੰਕਣ ਅੰਕੜਿਆਂ ਬਾਰੇ ਜਾਣਕਾਰੀ ਦੇ ਸਕਦਾ ਹੈ ਤਾਂ ਜੋ California Arts Council ਬਿਹਤਰ ਤਰੀਕੇ ਨਾਲ ਇਹ ਸਮਝ ਸਕੇ ਕਿ ਇਸ ਪ੍ਰੋਗਰਾਮ ਨੇ ਕਿਹੜੇ ਲੋਕਾਂ ਨੂੰ ਸੇਵਾਵਾਂ ਦਿੱਤੀਆਂ ਸੀ ।

## ਅਰਜ਼ੀ ਦਾ ਜਵਾਬ ਅਤੇ ਅਦਾਇਗੀ ਦੀ ਪ੍ਰਕਿਰਿਆ

ਜੇ ਤੁਹਾਡੀ ਅਰਜ਼ੀ ਚੁਣੀ ਜਾਂਦੀ ਹੈ ਤਾਂ YBCA ਦੀ Community Investment Team (ਕਮਿਊਨਿਟੀ ਇਨਵੈਸਟਮੈਂਟ ਟੀਮ) ਇੱਕ ਈਮੇਲ ਸੂਚਨਾ ਦੇ ਨਾਲ ਤੁਹਾਡੇ ਤੱਕ ਪਹੁੰਚ ਕਰੇਗੀ। ਇਸ ਸੂਚਨਾ ਦੇ ਬਾਅਦ DocuSign ਦੇ ਰਾਹੀਂ ਇੱਕ ਇਕਰਾਰਨਾਮਾ ਅਤੇ ਵਿੱਤੀ ਫਾਰਮ ਭਰੇ ਜਾਣਗੇ। ਕਿਰਪਾ ਕਰਕੇ ਛੇਤੀ ਤੋਂ ਛੇਤੀ DocuSign ਰਾਹੀਂ ਸਮੀਖਿਆ ਕਰੋ, ਭਰੋ ਅਤੇ ਦਸਤਖਤ ਕਰੋ। DocuSign ਦਾ ਅਮਲ ਪੂਰਾ ਹੋਣ ਤੱਕ ਅਦਾਇਗੀ 'ਤੇ ਕੋਈ ਪ੍ਰਕਿਰਿਆ ਨਹੀਂ ਕੀਤੀ ਜਾਵੇਗੀ ਜਾਂ ਨਾ ਹੀ ਇਸਦਾ ਆਵੰਡਨ ਕੀਤਾ ਜਾਵੇਗਾ। ਇੱਕ ਵਾਰ ਇਸ ਅਮਲ ਦੇ ਪੂਰਾ ਹੋਣ ਤੋਂ ਬਾਅਦ, 5-7 ਕਾਰੋਬਾਰੀ ਦਿਨਾਂ ਦੇ ਅੰਦਰ ਅਦਾਇਗੀ ਦੀ ਉਮੀਦ ਰੱਖੋ। ਜਿਹੜੇ ਬਿਨੈਕਾਰਾਂ ਨੂੰ ਰਾਹਤ ਫ਼ੰਡ ਨਹੀਂ ਦਿੱਤੇ ਜਾਂਦੇ ਉਹਨਾਂ ਨੂੰ ਅਗਸਤ 2022 ਦੇ ਅੰਤ ਤੱਕ ਈਮੇਲ ਸੂਚਨਾ ਮਿਲ ਜਾਵੇਗੀ।

- ਸੋਮਵਾਰ, 25 ਅਪਰੈਲ, 2022 ਨੂੰ ਦੁਪਹਿਰ 12:00 ਵਜੇ PST– ਅਰਜ਼ੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ
- ਸ਼ੁੱਕਰਵਾਰ, 20 ਮਈ, 2022 ਨੂੰ ਸ਼ਾਮ 5:00 ਵਜੇ PST– ਅਰਜ਼ੀ ਪ੍ਰਕਿਰਿਆ ਖਤਮ ਹੁੰਦੀ ਹੈ
- ਜੂਨ 2022 – ਜਿਨ੍ਹਾਂ ਵਾਸਤੇ ਫ਼ੰਡ ਮਨਜ਼ੂਰ ਹੋ ਜਾਂਦੇ ਹਨ ਉਹਨਾਂ ਨੂੰ ਸੂਚਨਾਵਾਂ ਭੇਜ ਦਿੱਤੀਆਂ ਜਾਂਦੀਆਂ ਹਨ

## ਅਰਜ਼ੀ ਕਿਵੇਂ ਦੇਣੀ ਹੈ

ਅਰਜ਼ੀਆਂ ਨੂੰ, 25 ਅਪਰੈਲ, 2022 ਨੂੰ ਦੁਪਹਿਰ 12:00 ਵਜੇ PST ਤੋਂ ਲੈਕੇ ਸ਼ੁੱਕਰਵਾਰ 20 ਮਈ, 2022 ਤੱਕ ਸ਼ਾਮ 5:00 ਵਜੇ PST ਤੱਕ ਸਵੀਕਾਰ ਕੀਤਾ ਜਾਵੇਗਾ।

ਭਰੀਆਂ ਹੋਈਆਂ ਅਰਜ਼ੀਆਂ ਲਾਜ਼ਮੀ ਤੌਰ 'ਤੇ ਅੰਤਿਮ ਸਮਾਂ-ਸੀਮਾ ਤੱਕ ਜਮ੍ਹਾਂ ਕਰ ਦੇਣੀਆਂ ਚਾਹੀਦੀਆਂ ਹਨ—ਇਸ ਸੰਬੰਧੀ ਕੋਈ ਛੋਟ ਨਹੀਂ ਦਿੱਤੀ ਜਾਵੇਗੀ।

California Relief Fund for Artists and Cultural Practitioners ਵਾਸਤੇ ਔਨਲਾਈਨ ਅਰਜ਼ੀ ਤੱਕ ਏਥੇ ਪਹੁੰਚ ਕੀਤੀ ਜਾ ਸਕਦੀ ਹੈ: https://ybca.org/california-relief-fund/.

ਅਰਜ਼ੀਆਂ ਹੇਠ ਲਿਖੀਆਂ ਭਾਸ਼ਾਵਾਂ ਵਿੱਚ ਸਵੀਕਾਰ ਕੀਤੀਆਂ ਜਾਣਗੀਆਂ: ਅੰਗਰੇਜ਼ੀ, ਸਪੈਨਿਸ਼, ਤਾਗਾਲੋਗ, ਚੀਨੀ (ਰਵਾਇਤੀ), ਵੀਅਤਨਾਮੀ, ਅਤੇ ਕੋਰੀਆਈ. ਅਰਜ਼ੀ ਦੇ ਸੱਜੇ-ਪਾਸੇ ਸਿਖਰਲੇ ਕੋਨੇ ਵਿੱਚ, ਬਿਨੈਕਾਰ ਉਸ ਭਾਸ਼ਾ ਦੀ ਚੋਣ ਕਰਨ ਦੇ ਯੋਗ ਹੋਵੇਗਾ ਜਿਸ ਵਿੱਚ ਉਹ ਅਰਜ਼ੀ ਪੇਸ਼ ਕੀਤੀ ਜਾਣੀ ਚਾਹੁਣਗੇ। ਜੇ ਤੁਹਾਨੂੰ ਚੋਣ ਕਰਨ ਵਿੱਚ ਕੋਈ ਮੁਸ਼ਕਿਲ ਆ ਰਹੀ ਹੈ, ਤਾਂ ਕਿਰਪਾ ਕਰਕੇ YBCA ਨਾਲ ਸੰਪਰਕ ਕਰੋ (artistrelief@ybca.org) ਜਾਂ ਅਸੀਂ ਕਿਸੇ ਦੋਸਤ, ਗੁਆਂਢੀ ਜਾਂ ਪਰਿਵਾਰ ਦੇ ਮੈਂਬਰ ਨੂੰ ਤੁਹਾਡੀ ਸਹਾਇਤਾ ਕਰਨ ਲਈ ਪੁੱਛਣ ਦਾ ਸੁਝਾਅ ਦਿੰਦੇ ਹਾਂ। ਅਰਜ਼ੀ ਸੰਖੇਪ ਅਤੇ ਸਰਲ ਹੈ, ਅਤੇ ਅਸੀਂ ਅੰਗਰੇਜ਼ੀ ਨਾ ਬੋਲਣ ਵਾਲਿਆਂ ਨੂੰ ਅਰਜ਼ੀ ਦੇਣ ਲਈ ਉਤਸ਼ਾਹਤ ਕਰਦੇ ਹਾਂ।

## ਆਮ ਪੁੱਛੇ ਜਾਣ ਵਾਲੇ ਪ੍ਰਸ਼ਨ

ਕੈਲੀਫੋਰਨੀਆ ਦੀ ਮੇਰੀ ਵਸਨੀਕਤਾ ਦੇ ਸਬੂਤ ਵਾਸਤੇ ਮੈਂ ਕਿਸ ਕਿਸਮ ਦੇ ਦਸਤਾਵੇਜ਼ ਪ੍ਰਦਾਨ ਕਰਾ ਸਕਦਾ/ਦੀ ਹਾਂ?
ਤੁਹਾਡੇ ਵਾਸਤੇ ਕਿਸੇ ਤੀਜੀ ਧਿਰ ਤੋਂ ਕੋਈ ਦਸਤਾਵੇਜ਼ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ ਜੋ ਸਪੱਸ਼ਟ ਤੌਰ 'ਤੇ ਤੁਹਾਡਾ ਨਾਮ ਅਤੇ ਵਰਤਮਾਨ ਪਤਾ ਦਿਖਾਉਂਦਾ ਹੋਵੇ। ਅਸੀਂ ਵਸਨੀਕਤਾ ਦੇ ਸਬੂਤ ਵਜੋਂ ਹੇਠ ਲਿਖੇ ਦਸਤਾਵੇਜ਼ ਸਵੀਕਾਰ ਕਰਾਂਗੇ:

- ਡ੍ਰਾਈਵਰ ਦਾ ਲਾਇਸੰਸ ਜਾਂ ਸਰਕਾਰ ਵੱਲੋਂ ਜਾਰੀ ਸ਼ਨਾਖਤੀ ਕਾਰਡ
- ਜ਼ਰੂਰੀ ਸੁਵਿਧਾ ਦਾ ਬਿੱਲ (ਬਿਜਲੀ, ਪਾਣੀ, ਗੈਸ, ਇੰਟਰਨੈੱਟ ਸੇਵਾ, ਜਾਂ ਫ਼ੋਨ ਦਾ ਬਿੱਲ)
- ਸਿਹਤ ਬੀਮੇ ਦੀ ਸਟੇਟਮੈਂਟ ਜਾਂ ਡਾਕਟਰੀ ਬਿੱਲ
- ਬੈਂਕ ਜਾਂ ਕ੍ਰੈਡਿਟ ਕਾਰਡ ਦੀ ਸਟੇਟਮੈਂਟ
- ਸਰਕਾਰੀ ਲਾਭਾਂ ਦੀ ਸਟੇਟਮੈਂਟ (ਇਸ ਵਿੱਚ SSI, SSDI, SNAP, ਆਦਿ ਸ਼ਾਮਲ ਹੋ ਸਕਦੇ ਹਨ)
- ਉਸ ਸ਼ਰਣਗਾਹ ਦੇ ਲੈਟਰਹੈੱਡ ਉੱਤੇ ਲਿਖਿਆ ਅਤੇ ਦਸਤਖਤ ਕੀਤਾ ਇੱਕ ਪੱਤਰ ਜਿੱਥੇ ਤੁਸੀਂ ਰਹਿੰਦੇ ਹੋ

ਸਾਨੂੰ ਸਿਰਫ਼ ਤੁਹਾਡੇ ਦਸਤਾਵੇਜ਼ ਉੱਤੇ ਨਾਮ ਅਤੇ ਪਤਾ ਦੇਖਣ ਦੀ ਲੋੜ ਹੁੰਦੀ ਹੈ। ਤੁਹਾਨੂੰ ਸਮੁੱਚਾ ਦਸਤਾਵੇਜ਼ ਅੱਪਲੋਡ ਕਰਨ ਦੀ ਲੋੜ ਨਹੀਂ ਹੈ। ਕਿਰਪਾ ਕਰਕੇ ਸਾਰੀ ਸੰਵੇਦਨਸ਼ੀਲ ਜਾਣਕਾਰੀ ਕਵਰ ਕਰੋ।

ਮੇਰੀ ਕਲਾਕਾਰੀ ਵਿਧਾ (practice) ਦੇ ਸਬੂਤ ਵਾਸਤੇ ਮੈਂ ਕਿਸ ਕਿਸਮ ਦੇ ਦਸਤਾਵੇਜ਼ ਪ੍ਰਦਾਨ ਕਰਾ ਸਕਦਾ/ਦੀ ਹਾਂ?
ਤੁਹਾਡੇ ਲਈ ਉਹ ਦਸਤਾਵੇਜ਼ ਪ੍ਰਦਾਨ ਕਰਾਉਣਾ ਲਾਜ਼ਮੀ ਹੈ ਜੋ ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਤੁਹਾਡੀ ਕੰਮਕਾਜ਼ੀ ਭੂਮਿਕਾ ਨੂੰ ਦਰਸਾਉਂਦੇ ਹੋਣ। ਇਸ ਨੂੰ ਹੇਠ ਲਿਖਿਆਂ ਦੁਆਰਾ ਦਰਸਾਇਆ ਜਾ ਸਕਦਾ ਹੈ, ਪਰ ਸੂਚੀ ਏਥੋਂ ਤੱਕ ਹੀ ਸੀਮਤ ਨਹੀਂ ਹੈ:

- ਕਲਾਕਾਰ ਦੀ ਵੈੱਬਸਾਈਟ ਜਾਂ ਸੋਸ਼ਲ ਮੀਡੀਆ ਪੰਨਾ
- ਕਲਾਕਾਰ ਦਾ CV/ਸਮੁੱਚੇ ਵੇਰਵਾ
- ਦ੍ਰਿਸ਼ਟਾਂਤਕ ਜਾਂ ਵੀਡੀਓ ਕਾਰਜ ਦਾ ਨਮੂਨਾ
- ਪਲੇਬਿੱਲ ਜਾਂ ਪ੍ਰੋਗਰਾਮ
- ਪ੍ਰਕਾਸ਼ਨਾ ਦਾ ਕਾਪੀਰਾਈਟ
- ਜਨਤਕ ਪੇਸ਼ਕਾਰੀਆਂ/ਪ੍ਰਦਰਸ਼ਨਾਂ ਦੀ ਸੂਚੀ
- ਸਾਰੇ ਦਸਤਾਵੇਜ਼ਾਂ ਵਿੱਚ ਕਲਾਕਾਰ ਦਾ ਨਾਮ ਹੋਣਾ ਲਾਜ਼ਮੀ ਹੈ।

ਵਸਨੀਕਤਾ ਦੇ ਸਬੂਤ ਅਤੇ ਕਲਾਕਾਰੀ ਵਿਧਾ ਦੇ ਸਬੂਤ ਵਾਸਤੇ ਕਿਹੜੀਆਂ ਫਾਈਲ ਕਿਸਮਾਂ ਸਵੀਕਾਰ ਕਰਨਯੋਗ ਹਨ?
ਅੱਪਲੋਡ ਕਰਨ ਲਈ ਸਿਰਫ਼ PDF, DOC, DOCX, PNG, JPG, JPEG, ਅਤੇ GIF ਫਾਈਲ ਕਿਸਮਾਂ ਦਾ ਹੀ ਸਮਰਥਨ ਕੀਤਾ ਜਾਂਦਾ ਹੈ। ਕਲਾਕਾਰੀ ਵਿਧਾ ਦੇ ਸਬੂਤ ਵਾਸਤੇ, ਕਿਸੇ ਵੈੱਬਸਾਈਟ ਦਾ ਪਤਾ ਪ੍ਰਦਾਨ ਕਰਾਉਣ ਲਈ ਜਗਹ ਮੌਜੂਦ ਹੈ। ਜੇ ਤੁਸੀਂ ਆਪਣੀ ਕਲਾਕਾਰੀ ਵਿਧਾ ਦੇ ਸਬੂਤ ਵਾਸਤੇ ਕੋਈ ਆਡੀਓ ਜਾਂ ਵੀਡੀਓ ਫਾਈਲ ਸਾਂਝੀ ਕਰਨੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ youtube, soundcloud, dropbox, ਜਾਂ ਕਿਸੇ ਹੋਰ ਫਾਈਲ ਸਾਂਝੀ ਕਰਨ ਵਾਲੀ ਸਾਈਟ ਵਾਸਤੇ ਵੈੱਬਸਾਈਟ ਲਈ ਦਿੱਤੀ ਗਈ ਜਗ੍ਹਾ ਵਿੱਚ ਲਿੰਕ ਪ੍ਰਦਾਨ ਕਰੋ।

## ਸਵਾਲ

ਜੇ ਫ਼ੰਡ ਜਾਂ ਅਰਜ਼ੀ ਪ੍ਰਕਿਰਿਆ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ YBCA ਨਾਲ artistrelief@ybca.org 'ਤੇ ਸੰਪਰਕ ਕਰੋ ਜਿੱਥੇ ਵਿਸ਼ਾ ਲਾਈਨ ਦੇ ਤੌਰ 'ਤੇ ਇਹ ਲਿਖਿਆ ਹੋਵੇ: "CA Relief Fund" ਅਤੇ ਤੁਹਾਡਾ ਸਭ ਤੋਂ ਵਧੀਆ ਸੰਪਰਕ ਨੰਬਰ ਵੀ ਹੋਵੇ।

ਇਸ ਤੋਂ ਇਲਾਵਾ, YBCA ਦਾ ਅਮਲਾ ਲੋੜ ਪੈਣ 'ਤੇ ਬਿਨੈਕਾਰਾਂ ਨੂੰ ਤਕਨੀਕੀ ਸਹਾਇਤਾ ਪ੍ਰਦਾਨ ਕਰਾਉਣ ਲਈ ਮੌਜੂਦ ਹੈ। ਸਹਾਇਤਾ ਲਈ "CA Relief Fund Tech Support" ਵਿਸ਼ਾ ਲਾਈਨ ਦੇ ਨਾਲ artistrelief@ybca.org 'ਤੇ ਸੰਪਰਕ ਕਰੋ। ਅਸੀਂ ਛੇਤੀ ਤੋਂ ਛੇਤੀ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗੇ, ਪਰ ਜਵਾਬ ਦੇਣ ਲਈ ਸਾਨੂੰ ਇੱਕ ਪੂਰੇ ਕਾਰੋਬਾਰੀ ਦਿਨ ਦੀ ਲੋੜ ਪੈ ਸਕਦੀ ਹੈ।